ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK PHAGWARA-144401
Office 01824-260426
Website: www.mcphagwara.co.in Email: cmcphagwara123@gmail.com

No. 2829 Dated 02/9/22

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਵਿਸ਼ਾ:- ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਮਿਤੀ 01/09/2022 ਨੂੰ ਪਾਸ ਕੀਤੇ ਗਏ ਹੁਕਮ ਦੀ ਨਕਲ ਭੇਜਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:45 ਮਿਤੀ 01/09/2022 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 2830 – 2834 ਮਿਤੀ: 02/9/22

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ/ਸਹਾਇਕ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ,
ਨਗਰ ਨਿਗਮ, ਫਗਵਾੜਾ।

Scanned with CamScanner

# ਦਫਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA

TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਮਿਤੀ:01.09.2022 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ: | ਤਜ਼ਵੀਜ਼ | ਹੁਕਮ ਨੰ: | ਫੈਸਲਾ |
|---|---|---|---|
| 1 | ਰਿਪੋਰਟ ਵੱਲੋਂ ਟਰੇਡ ਲਾਇਸੰਸ ਸੁਪਰਡੰਟ, ਕਿ PMIDC ਵਲੋਂ ਲਾਗੂ ਸ਼ਾਫਟਵੇਅਰ ਵਿਚ ਟਰੇਡ ਲਾਇਸੰਸ ਰੀਨਿਊ ਕਰਨ ਵੇਲੇ ਜੁਰਮਾਨੇ ਦੀ ਰਕਮ 100/- ਪ੍ਰਤੀ ਦਿਨ ਦਾ ਉਪਬੰਧ ਕੀਤਾ ਗਿਆ ਹੈ। ਜਿਸ ਨਾਲ ਸ਼ਹਿਰਵਾਸੀ ਕੋਈ ਵੀ ਇੰਨਾ ਜੁਰਮਾਨਾ ਦੇਣ ਲਈ ਤਿਆਰ ਨਹੀਂ ਹੈ ਜਿਵੇਂ ਕਿ ਟਰੇਡ ਲਾਇਸੰਸ ਦੀ ਫੀਸ 100/- ਤੋਂ ਸ਼ੁਰੂ ਹੋ ਕੇ 15000/- ਤੱਕ ਜਿਸ ਵਿਚ ਜਿਆਦਾਤਰ ਫੀਸਾਂ 400/-ਜਾਂ 500/- ਪ੍ਰਤੀ ਸਾਲ ਵਾਲੀਆਂ ਹਨ। ਜਿਸ ਕਰਕੇ ਅਸਲ ਫੀਸ ਨਾਲ ਜੁਰਮਾਨੇ ਦੀ ਰਕਮ 100/- ਪ੍ਰਤੀ ਦਿਨ ਦੇ ਹਿਸਾਬ ਨਾਲ ਕੋਈ ਵੀ ਦੇਣ ਨੂੰ ਤਿਆਰ ਨਹੀਂ ਹੁੰਦਾ ਜਿਸ ਨਾਲ ਇੰਨਕਮ ਘੱਟ ਹੋ ਰਹੀ ਹੈ। ਇਸ ਮੁਸ਼ਕਿਲ ਦੇ ਹੱਲ ਵਜੋਂ ਹੇਠ ਲਿਖੇ ਅਨੁਸਾਰ ਨਗਰ ਨਿਗਮਾਂ ਵਲੋਂ ਮਤੇ ਪਾ ਕੇ ਅਤੇ ਸਰਕਾਰ ਪਾਸੋਂ ਪ੍ਰਵਾਨਗੀ ਉਪਰੰਤ ਸਮਝੌਤਾ ਫੀਸਾਂ ਦੀ ਸੋਧ ਕੀਤੀ ਗਈ ਹੈ।<br><br>ਨਗਰ ਨਿਗਮ ਹੁਸ਼ਿਆਰਪੁਰ ਵਲੋਂ ਆਪਣੇ ਮਤਾ ਨੰਬਰ 16 ਮਿਤੀ:02.06.2020 ਰਾਹੀਂ ਹੇਠ ਲਿਖੇ ਅਨੁਸਾਰ ਜੁਰਮਾਨੇ ਦੀ ਜਗਾ ਤੇ ਸਮਝੌਤਾ ਫੀਸ ਲਈ ਮਤਾ ਪਾਇਆ ਗਿਆ ਹੈ ਜ਼ੋ ਕਿ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਹੈ:<br>1. 1 ਅਪ੍ਰੈਲ ਤੋਂ 30 ਜੂਨ ਅਸਲ ਫੀਸ<br>2. 1 ਜੁਲਾਈ ਤੋਂ 30 ਸਤੰਬਰ 10% ਜੁਰਮਾਨਾ /ਸਮਝੌਤਾ ਫੀਸ<br>3. 1 ਅਕਤੂਬਰ ਤੋਂ 31 ਮਾਰਚ ਤੱਕ 20% ਜੁਰਮਾਨਾ /ਸਮਝੌਤਾ ਫੀਸ<br>ਨਗਰ ਨਿਗਮ ਕਪੂਰਥਲਾ ਵਲੋਂ ਆਪਣੇ ਮਤਾ ਨੰਬਰ 63 ਮਿਤੀ 06-12-2021 ਵਿਚ ਹੇਠ ਲਿਖੇ ਅਨੁਸਾਰ ਜੁਰਮਾਨਾ /ਸਮਝੌਤਾ ਫੀਸ ਵਸੂਲ ਕੀਤੀ ਜਾਂਦੀ ਹੈ :<br>1. 1 ਅਪ੍ਰੈਲ ਤੋਂ 30 ਅਪ੍ਰੈਲ ਤੱਕ ਪੂਰੀ ਲਾਇਸੰਸ ਫੀਸ<br>2. 1 ਮਈ ਤੋਂ 30 ਜੂਨ ਤੱਕ 25% ਲੇਟ ਫੀਸ ਨਾਲ<br>3. 1 ਜੁਲਾਈ ਤੋਂ 30 ਸਤੰਬਰ ਤੱਕ 50% ਲੇਟ ਫੀਸ ਨਾਲ<br>4. 1 ਅਕਤੂਬਰ ਤੋਂ 28 ਫਰਵਰੀ ਤੱਕ 100% ਲੇਟ ਫੀਸ ਨਾਲ<br>ਇਸ ਲਈ ਉਕਤ ਨੂੰ ਮੁੱਖ ਰੱਖਦੇ ਹੋਏ ਦੋਹਾਂ ਨਗਰ ਨਿਗਮਾਂ ਦੀ ਲੇਟ ਫੀਸ/ਸਮਝੌਤਾ ਫੀਸ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਫਗਵਾੜਾ ਵਲੋਂ ਹੇਠ ਲਿਖੇ ਅਨੁਸਾਰ ਲੇਟ ਫੀਸ/ਸਮਝੌਤਾ ਫੀਸ ਵਸੂਲ ਕਰਨ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।<br>1. 1 ਅਪ੍ਰੈਲ ਤੋਂ 30 ਅਪ੍ਰੈਲ ਬਿਨਾ ਲੇਟ ਫੀਸ ਨਾਲ<br>2. 1 ਮਈ ਤੋਂ 30 ਜੂਨ ਤੱਕ 10% ਲੇਟ ਫੀਸ / ਸਮਝੌਤਾ ਫੀਸ<br>3. 1 ਜੁਲਾਈ ਤੋਂ 30 ਸਤੰਬਰ 25 % ਲੇਟ ਫੀਸ /ਸਮਝੌਤਾ ਫੀਸ<br>4. 1 ਅਕਤੂਬਰ ਤੋਂ 31 ਮਾਰਚ ਤੱਕ 50% ਲੇਟ ਫੀਸ/ ਸਮਝੌਤਾ ਫੀਸ | 45 | **As per recommendation of Superintendent of Trade License. the proposal is approved**<br><br>ਸਹੀ/-<br>ਕਮਿਸ਼ਨਰ/ਪ੍ਰਸ਼ਾਸਕ |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ ਫਗਵਾੜਾ

Scanned with CamScanner